**Media Release**

ਤੁਰੰਤ ਰਿਲੀਜ ਲਈ

# ਲਿਊਮੀਨਾਟੋ ਬ੍ਰੈਂਪਟਨ ਵਿੱਚ ਆ ਰਿਹਾ ਹੈ!

ਬ੍ਰੈਂਪਟਨ, ਓਨਟੈਰੀਓ (21 ਅਪ੍ਰੈਲ, 2022) – ਸਿਟੀ ਆਫ ਬ੍ਰੈਂਪਟਨ ਨੂੰ ਇਹ ਐਲਾਨ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਲਿਊਮੀਨਾਟੋ ਫੈਸਟੀਵਲ ਟੋਰੋਂਟੋ (Luminato Festival Toronto), 10 ਅਤੇ 11 ਜੂਨ ਨੂੰ ਬ੍ਰੈਂਪਟਨ ਵਿੱਚ ਹੋ ਰਿਹਾ ਹੈ। ਪਹਿਲੀ ਵਾਰ, ਕਲਾ ਅਤੇ ਵਿਚਾਰਾਂ ਦਾ ਅੰਤਰਰਾਸ਼ਟਰੀ ਫੈਸਟੀਵਲ, ਲਿਊਮੀਨਾਟੋ (Luminato), ਟੋਰੋਂਟੋ ਦੇ ਬਾਹਰ ਹੋਵੇਗਾ ਅਤੇ ਬ੍ਰੈਂਪਟਨ ਵਿੱਚ ਦੋ ਖਾਸ ਇੰਸਟਾਲੇਸ਼ਨ ਹੋਣਗੀਆਂ।

ਸਿਟੀ ਆਫ ਬ੍ਰੈਂਪਟਨ ਦੀ, ਆਰਟਸ, ਕਲਚਰ ਐਂਡ ਕ੍ਰਿਏਟਿਵ ਇੰਡਸਟਰੀ ਡਿਵੈਲਪਮੈਂਟ ਏਜੰਸੀ (Arts, Culture and Creative Industry Development Agency) (ਏ.ਸੀ.ਸੀ.ਆਈ.ਡੀ.ਏ.) ਅਤੇ ਟੂਰਿਜਮ ਬ੍ਰੈਂਪਟਨ (Tourism Brampton) ਨੂੰ, ਸ਼ਹਿਰ ਵਿੱਚ ਲਿਊਮੀਨਾਟੋ ਫੈਸਟੀਵਲ ਲਿਆਉਣ ਤੇ ਮਾਣ ਹੈ, ਜੋ ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਸ) ਨੂੰ ਨਾ ਸਿਰਫ ਇਸ ਪ੍ਰੀਮੀਅਰ ਆਰਟਸ ਕਾਰਜਕਰਮ ਦਾ, ਬਲਕਿ ਬ੍ਰੈਂਪਟਨ ਦੀਆਂ ਵੰਨ-ਸੁਵੰਨੀਆਂ ਕਲਾ ਸਬੰਧੀ ਅਤੇ ਸੱਭਿਆਚਾਰਕ ਗਤੀਵਿਧੀਆਂ ਅਤੇ ਖਾਸ ਕਾਰਜਕਰਮਾਂ ਨੂੰ ਅਤੇ ਹੋਰ ਬਹੁਤ ਕੁਝ ਅਨੁਭਵ ਕਰਨ ਦਾ ਮੌਕਾ ਦੇਵੇਗਾ।

**ਆਰਟ ਇਨ ਟ੍ਰਾਂਜ਼ਿਟ**
ਸ਼ੁੱਕਰਵਾਰ, 10 ਜੂਨ

- ਮਾਊਂਟ ਪਲੈਜ਼ੈਂਟ ਗੋ ਸਟੇਸ਼ਨ (Mount Pleasant GO Station)
- ਬ੍ਰੈਂਪਟਨ ਗੋ ਸਟੇਸ਼ਨ (Brampton GO Station)
- ਬ੍ਰੈਮਲੀ ਗੋ ਸਟੇਸ਼ਨ (Bramalea GO Station)

ਆਰਟ ਇਨ ਟ੍ਰਾਂਜ਼ਿਟ (Art in Transit), ਸਟ੍ਰੀਟ ਥਿਏਟਰ ਦੀ ਖੁਸ਼ੀ ਅਤੇ ਅਨੰਦ ਦੇ ਨਾਲ-ਨਾਲ, ਤੁਹਾਡੀ ਰੋਜ਼ਾਨਾ ਦੀ ਯਾਤਰਾ ਵਿੱਚ ਹੋਣ ਵਾਲੀਆਂ ਕਲਾਤਮਕ ਗਤੀਵਿਧੀਆਂ ਵਿੱਚ ਰੋਮਾਂਚ ਲਿਆਉਂਦਾ ਹੈ। ਬ੍ਰੈਂਪਟਨ ਵਿੱਚ ਚੋਣਵੇਂ ਸਟੇਸ਼ਨਾਂ ਵਿਖੇ ਪੌਪ ਅੱਪ ਹੁੰਦੇ ਹੋਏ, ਇਹ ਸਵੇਰ ਦੀ ਯਾਤਰਾ ਦਾ ਬੇਜੋੜ ਅਨੁਭਵ ਹੋਵੇਗਾ, ਜਿਸਨੂੰ ਤੁਸੀਂ ਬਿਲਕੁੱਲ ਛੱਡਣਾ ਨਹੀਂ ਚਾਹੋਗੇ।

**ਔਲ ਇਨ ਗੁੱਡ ਟਾਈਮ**
ਸ਼ਨੀਵਾਰ, 11 ਜੂਨ
ਲੋਫਰਸ ਲੇਕ ਰੇਕ੍ਰੀਏਸ਼ਨ ਸੈਂਟਰ (Loafer’s Lake Recreation Centre)

ਪਿਛਲੇ ਦੋ ਸਾਲਾਂ ਤੋਂ, ਜ਼ਿੰਦਗੀ ਬਿਨਾਂ ਕਿਸੇ ਸਮਾਰੋਹ ਦੇ ਜਾਂ ਬਹੁਤ ਹੀ ਘੱਟ ਸਮਾਰੋਹਾਂ ਦੇ ਨਾਲ ਗੁਜਰ ਰਹੀ ਹੈ ਕਿਉਂਕਿ ਕੋਵਿਡ-19 (COVID-19) ਮਹਾਂਮਾਰੀ ਨੇ, ਇਕੱਠੇ ਹੋਣ, ਜਸ਼ਨ ਮਨਾਉਣ ਦੀ ਸਾਡੀ ਸਮਰੱਥਾ ਅਤੇ ਸਮਾਂ ਗੁਜਾਰਨ ਦੀ ਪ੍ਰਕਿਰਿਆ ਨੂੰ ਰੋਕ ਦਿੱਤਾ ਹੈ।

*ਔਲ ਇਨ ਗੁੱਡ ਟਾਈਮ (All in Good Time)*, ਤੁਹਾਨੂੰ ਪਿਆਰ, ਧੰਨਵਾਦ ਅਤੇ ਮੁਕਤੀ ਦੇ ਨਿਰਦੇਸ਼ਿਤ ਸਮਾਰੋਹ ਵਿੱਚ ਸੱਦਾ ਦਿੰਦਾ ਹੈ। ਹਰ ਯੋਗਤਾ ਵਾਲੇ ਵਿਅਕਤੀਆਂ ਅਤੇ ਸਮੂਹਾਂ ਲਈ ਤਿਆਰ ਕੀਤਾ ਗਿਆ ਇਹ ਸ਼ਕਤੀ ਦੇਣ ਵਾਲਾ ਐਕਟੀਵੇਸ਼ਨ, ਸਾਨੂੰ ਦੁਬਾਰਾ ਜੋੜਨ, ਸਾਡੇ ਦਿਲਾਂ ਨੂੰ ਇਕਸੁਰ ਕਰਨ ਅਤੇ ਸਰੀਰ, ਜ਼ਮੀਨ, ਪਾਣੀ ਅਤੇ ਹੋਰਾਂ ਚੀਜ਼ਾਂ ਵਿਚਕਾਰਲੇ ਸਬੰਧਾਂ ਦੇ ਅੰਦਰ ਮਹਿਸੂਸ ਹੋਣ ਵਾਲੀਆਂ ਸਰੀਰਕ ਤਾਲਾਂ ਨੂੰ ਜਗਾਉਣ ਲਈ, ਔਡੀਓ ਅਤੇ ਵਿਜ਼ੁਅਲ ਪ੍ਰੋਂਪਟ ਵਰਤਦਾ ਹੈ।

**ਲਿਊਮੀਨਾਟੋ ਫੈਸਟੀਵਲ ਟੋਰੋਂਟੋ ਦੇ ਬਾਰੇ ਵਿੱਚ**

ਲਿਊਮੀਨਾਟੋ ਫੈਸਟੀਵਲ ਟੋਰੋਂਟੋ, ਵੱਡੀਆਂ, ਸਪਸ਼ਟ ਸਮਕਾਲੀਨ ਕਲਾਕ੍ਰਿਤੀਆਂ ਲਈ, ਕਨਵੀਨਰ ਅਤੇ ਕੈਟਾਲਿਸਟ ਹੈ। ਹਰ ਸਾਲ ਜੂਨ ਵਿੱਚ, ਲਿਊਮੀਨਾਟੋ, ਅਸਧਾਰਨ ਕੈਨੇਡਿਅਨ ਅਤੇ ਅੰਤਰਰਾਸ਼ਟਰੀ ਕਲਾਕਾਰਾਂ ਦੀ ਪੇਸ਼ਕਾਰੀ ਦਿੰਦੇ ਹੋਏ, ਉਹਨਾਂ ਨੂੰ ਪੇਸ਼ ਕਰਦੇ ਹੋਏ, ਉਹਨਾਂ ਨੂੰ ਅਧਿਕਾਰ ਦਿੰਦੇ ਹੋਏ, ਟੋਰੋਂਟੋ ਵਿੱਚ ਦੁਨੀਆ ਦਾ ਸੁਆਗਤ ਕਰਨ ਲਈ ਇਸ ਫੈਸਟੀਵਲ ਦੇ ਨਾਲ ਗਰਮੀ ਦੀ ਸ਼ੁਰੂਆਤ ਕਰਦਾ ਹੈ।

ਪੂਰੇ ਸਾਲ ਦੇ ਦੌਰਾਨ ਲਿਊਮੀਨਾਟੋ, ਰਚਨਾਤਮਕ ਵਿਕਾਸ ਦੀ ਹਿਮਾਇਤ ਕਰਦੇ ਹੋਏ ਅਤੇ ਕਲਾ ਨੂੰ ਦੁਨੀਆ ਦੇ ਮੰਚ ਤੇ ਲਿਆਉਂਦੇ ਹੋਏ, ਸ਼ਹਿਰ ਅਤੇ ਰੀਜਨ ਦੇ ਵੰਨ-ਸੁਵੰਨੇ ਸੱਭਿਆਚਾਰਾਂ ਅਤੇ ਕਮਿਉਨਿਟੀਜ ਦੇ ਕਲਾਕਾਰਾਂ ਦੇ ਨਾਲ ਮਿਲਕੇ ਕੰਮ ਕਰਦਾ ਹੈ। ਉਹ ਲੋਕਲ ਅਵਾਜ਼ ਨੂੰ ਗਲੋਬਲ ਗੱਲਬਾਤ ਦੇ ਨਾਲ ਜੋੜਦੇ ਹਨ ਅਤੇ ਬਰਾਬਰੀ, ਸ਼ਮੂਲੀਅਤ, ਪਹੁੰਚਯੋਗਤਾ ਅਤੇ ਸਥਿਰਤਾ ਵਿੱਚ ਆਪਣੇ ਕੰਮ ਨੂੰ ਅਧਾਰ ਬਣਾਉਂਦੇ ਹਨ। ਸਭ ਤੋਂ ਖਾਸ ਗੱਲ ਹੈ ਕਿ ਲਿਊਮੀਨਾਟੋ, ਗੱਲਬਾਤ ਸ਼ੁਰੂ ਕਰਨ ਅਤੇ ਦਰਸ਼ਕਾਂ ਨੂੰ ਪ੍ਰੇਰਿਤ ਕਰਨ ਵਾਸਤੇ ਕਲਾ ਦੀ ਤਾਕਤ ਤੇ ਯਕੀਨ ਕਰਦਾ ਹੈ।

ਇਸ ਸਾਲ ਦੇ ਫੈਸਟੀਵਲ ਬਾਰੇ ਹੋਰ ਜਾਣਨ ਲਈ, luminatofestival.com ਤੇ ਜਾਓ।

**ਹਵਾਲੇ**

“ਅਸੀਂ ਪਹਿਲੀ ਵਾਰ ਬ੍ਰੈਂਪਟਨ ਵਿੱਚ ਲਿਊਮੀਨਾਟੋ ਦਾ ਸੁਆਗਤ ਕਰਨ ਲਈ ਬੇਹੱਦ ਉਤਸ਼ਾਹਿਤ ਹਾਂ! ਇਹਨਾਂ ਦੋ ਖਾਸ ਕਾਰਜਕਰਮਾਂ ਦੇ ਜਾਦੂ ਅਤੇ ਅਜੂਬੇ ਦਾ ਅਨੰਦ ਮਾਣਨ ਲਈ, 10 ਅਤੇ 11 ਜੂਨ ਦੀ ਤਾਰੀਖ ਯਾਦ ਰੱਖੋ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਇਹ, ਬ੍ਰੈਂਪਟਨ ਲਈ ਬਹੁਤ ਹੀ ਰੋਮਾਂਚਕ ਮੌਕਾ ਹੈ! ਅਸੀਂ ਸਾਡੇ ਸ਼ਹਿਰ ਵਿੱਚ ਲਿਊਮੀਨਾਟੋ ਦਾ ਸੁਆਗਤ ਕਰਨ ਅਤੇ ਨਿਵਾਸੀਆਂ ਅਤੇ ਆਉਣ ਵਾਲਿਆਂ ਨੂੰ, ਅੰਤਰਰਾਸ਼ਟਰੀ ਤੌਰ ਤੇ ਪ੍ਰਸਿੱਧ ਇਸ ਕਾਰਜਕਰਮ ਦਾ ਅਨੁਭਵ ਲੈਣ ਦਾ ਮੌਕਾ ਦੇਣ ਲਈ ਬੇਹੱਦ ਉਤਸ਼ਾਹਿਤ ਹਾਂ।”

- *ਹਰਕੀਰਤ ਸਿੰਘ (Harkirat Singh), ਸਿਟੀ ਕਾਊਂਸਲਰ, ਵਾਰਡਸ 9 ਅਤੇ 10, ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਇੱਥੇ ਬ੍ਰੈਂਪਟਨ ਵਿੱਚ ਲਿਊਮੀਨਾਟੋ ਦਾ ਮੌਕਾ, ਸਾਡੀ ਕਮਿਉਨਿਟੀ ਨੂੰ ਸਾਡੇ ਖੁਦ ਦੇ ਬੈਕਯਾਰਡ ਵਿੱਚ ਹੀ ਇਸ ਸਰਬੋਤਮ ਕਾਰਜਕਰਮ ਦੇ ਮਜ਼ੇਦਾਰ ਅਨੁਭਵ ਦਾ ਮੌਕਾ ਦੇਵੇਗਾ। ਮੈਂ ਇਸ ਵਿੱਚ ਸ਼ਾਮਲ ਹੋਣ ਲਈ ਬੇਹੱਦ ਉਤਸ਼ਾਹਿਤ ਹਾਂ!”

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ; ਕਾਊਂਸਿਲ ਐਡਵਾਈਜਰੀ ਪੈਨਲ ਮੈਂਬਰ, ਆਰਟਸ, ਕਲਚਰ ਐਂਡ ਕ੍ਰਿਏਟਿਵ ਇੰਡਸਟਰੀ ਡਿਵੈਲਪਮੈਂਟ ਏਜੰਸੀ*

“ਇਸ ਸਾਲ ਦੇ ਕਾਰਜਕਰਮ ਵਿੱਚ ਬ੍ਰੈਂਪਟਨ ਨੂੰ ਸ਼ਾਮਲ ਕਰਨ ਅਤੇ ਸਾਡੀ ਕਮਿਉਨਿਟੀ ਵਿੱਚ ਇਹ ਅਨੁਭਵ ਲਿਆਉਣ ਵਾਸਤੇ, ਸਿਟੀ ਆਫ ਬ੍ਰੈਂਪਟਨ ਵਿਖੇ ਸਾਡੀ ਟੀਮ ਦੇ ਨਾਲ ਕੰਮ ਕਰਨ ਲਈ, ਲਿਊਮੀਨਾਟੋ ਦਾ ਧੰਨਵਾਦ।”

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਲਿਊਮੀਨਾਟੋ, ਬੇਹੱਦ ਲੋੜੀਂਦੀ ਖੁਸ਼ੀ ਅਤੇ ਪ੍ਰੇਰਣਾ ਨੂੰ ਦੁਬਾਰਾ ਜਗਾਉਣ ਲਈ ਹਾਜ਼ਰ ਹੈ, ਜੋ ਸਾਨੂੰ ਸਾਰਿਆਂ ਨੂੰ ਪਿਛਲੇ ਕੁਝ ਸਾਲਾਂ ਤੋਂ ਨਹੀਂ ਮਿਲੀ ਹੈ। ਅਸੀਂ ਇਸ ਸਾਲ ਲਿਊਮੀਨਾਟੋ ਦੇ ਕੁਝ ਕਾਰਜਕਰਮਾਂ ਨੂੰ ਬ੍ਰੈਂਪਟਨ ਵਿੱਚ ਲਿਆਉਣ ਲਈ, ਸਿਟੀ ਆਫ ਬ੍ਰੈਂਪਟਨ ਦੇ ਨਾਲ ਭਾਈਵਾਲੀ ਕਰਨ ਤੇ ਬੇਹੱਦ ਉਤਸ਼ਾਹਿਤ ਹਾਂ। ਲਿਊਮੀਨਾਟੋ 2022, ਪੂਰੇ ਰੀਜਨ ਦੇ ਦਰਸ਼ਕਾਂ ਲਈ, ਸਾਂਝੀਆਂ ਕੀਤੀਆਂ ਜਾਣ ਵਾਲੀਆਂ ਕਹਾਣੀਆਂ ਅਤੇ ਅਨੁਭਵਾਂ ਦੇ ਦੁਆਰਾ ਸਾਡੇ ਨਾਲ ਜੁੜਨ ਵਾਸਤੇ, ਕਲਾ ਦੀ ਤਾਕਤ ਦਾ ਉਤਸ਼ਾਹਪੂਰਨ ਰਿਮਾਈਂਡਰ ਹੋਵੇਗਾ।"

- *ਸੇਲਿਆ ਸਮਿਥ (Celia Smith), ਸੀ.ਈ.ਓ., ਲਿਊਮੀਨਾਟੋ ਫੈਸਟੀਵਲ ਟੋਰੋਂਟੋ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

ਲਿਊਮੀਨਾਟੋ ਫੈਸਟੀਵਲ ਟੋਰੋਂਟੋ 2022 ਦੇ ਹਿਮਾਇਤੀ

**ਫਾਊਂਡਿੰਗ ਸਰਕਾਰੀ ਪਾਰਟਨਰ** ਪ੍ਰੋਵਿੰਸ ਆਫ ਓਨਟੈਰੀਓ (Province of Ontario)

**ਪ੍ਰਮੁੱਖ ਪਾਰਟਨਰ** ਕੈਨੇਡਾ ਸਰਕਾਰ (Government of Canada), ਸਿਟੀ ਆਫ ਟੋਰੋਂਟੋ (City of Toronto)

**ਕਾਰਪੋਰੇਟ ਪਾਰਟਨਰ** ਕੈਡੀਲੈਕ ਫੇਅਰਵਿਊ (Cadillac Fairview), ਮੇਟਾ (Meta), ਬੀ.ਐਮ.ਓ. (BMO), ਟੀ.ਡੀ. ਬੈਂਕ ਗਰੁੱਪ (TD Bank Group), ਲੋਬਲਾਅ ਕੰਪਨੀਜ ਲਿਮਿਟੇਡ (Loblaw Companies Limited), ਓ.ਐਲ.ਜੀ. (OLG), ਹੈਚ (Hatch), ਬਲੂਮਬਰਗ (Bloomberg), ਪਾਵਰ ਕਾਰਪੋਰੇਸ਼ਨ ਆਫ ਕੈਨੇਡਾ (Power Corporation of Canada), ਕਿੰਗਸੈਟ ਕੈਪੀਟਲ (Kingsett Capital), ਔਕਸਫੋਰਡ ਪ੍ਰਾਪਰਟੀਜ (Oxford Properties) ਆਦਿ

**ਵਿਅਕਤੀਗਤ ਡੋਨਰ ਅਤੇ ਫਾਊਂਡੇਸ਼ਨਸ** ਅਨੋਨੀਮਸ (Anonymous), ਇਆਨ ਐਂਡ ਕੀਕੀ ਡੀਲੈਨੀ (Ian and Kiki Delaney), ਸੀ.ਐਮ., ਦ ਡਿਆਨੇ ਐਂਡ ਇਰਵਿੰਗ ਕਿਪਨੇਸ ਫਾਊਂਡੇਸ਼ਨਸ (The Dianne and Irving Kipnes Foundation), ਜੋਂਨ ਐਂਡ ਜੇਰੀ ਲੋਜ਼ਿੰਸਕੀ (Joan and Jerry Lozinski), ਸੈਂਡਰਾ ਐਂਡ ਜਿਮ ਪਿਟਬਲੈਡੋ (Sandra and Jim Pitblado), ਸੀ.ਐਮ., ਗ੍ਰੇਚਨ ਐਂਡ ਡੋਨਲਡ ਰੋਸ (Gretchen and Donald Ross), ਓ.ਸੀ., ਦ ਲੈਰੀ ਐਂਡ ਜੂਡੀ ਟੇਨਨਬੌਮ ਫੈਮਿਲੀ ਫਾਊਂਡੇਸ਼ਨ (The Larry & Judy Tanenbaum Family Foundation), ਦ ਮਾਈਕਲ ਯੰਗ ਫੈਮਿਲੀ ਫਾਊਂਡੇਸ਼ਨ (The Michael Young Family Foundation), ਏ.ਐਨ.ਡੀ.ਪੀ.ਵੀ.ਏ. (ANDPVA), ਦ ਅਜ਼ਰਾਇਲੀ ਫਾਊਂਡੇਸ਼ਨ (The Azrieli Foundation), ਐਲੀਨੋਰ ਗਿਲ ਰੈਟਕਲਿੱਫ (Elinor Gill Ratcliffe), ਸੀ.ਐਮ., ਓ.ਐਨ.ਐਲ., ਐਲ.ਐਲ.ਡੀ. ਆਦਿ

**ਸਰਕਾਰੀ ਪਾਰਟਨਰ** ਕੈਨੇਡਾ ਕਾਉਂਸਿਲ ਫਾਰ ਦ ਆਰਟਸ (Canada Council for the Arts), ਓਨਟੈਰੀਓ ਆਰਟਸ ਕਾਉਂਸਿਲ (Ontario Arts Council)

**ਮੀਡੀਆ ਪਾਰਟਨਰ** ਸੈਂਟ ਜੋਸਫ ਕਮਿਊਨਿਕੇਸ਼ਨਸ (St. Joseph Communications), ਬ੍ਰਾਂਡੇਡ ਸਿਟੀਜ (Branded Cities), ਐਸਟਰਲ (Astral), ਆਊਟਫ੍ਰੰਟ ਕੈਨੇਡਾ (OUTFRONT Canada), ਪੈਟੀਸਨ (Pattison), ਦ ਗਲੋਬ ਐਂਡ ਮੇਲ (The Globe and Mail), ਟੋਰੋਂਟੋ ਸਟਾਰ (Toronto Star)

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca

ਲਿਊਮੀਨਾਟੋ ਫੈਸਟੀਵਲ ਟੋਰੋਂਟੋ
media@luminato.com